# ਲਿਬਰਲ ਜਮਹੂਰੀਅਤ ਵਿਚ ਸਰਕਾਰ ਲੋਕਾਂ ਦਾ ਪੱਖ ਕਿਉਂ ਨਹੀਂ ਪੂਰ ਸਕਦੀ?

ਅਸੀਂ ਪਹਿਲਾਂ ਦੇਖ ਚੁੱਕੇ ਹਾਂ ਕਿ ਲਿਬਰਲ ਜਮਹੂਰੀਅਤ ਦੇ ਥੰਮ੍ਹ ਅਦਾਲਤਾਂ ਅਤੇ ਪਾਰਲੀਮੈਂਟ ਲੋਕਾਂ ਦੇ ਹੱਕ ਦੀ ਗੱਲ ਨਹੀਂ ਕਰ ਸਕਦੇ ਅਤੇ ਨਾ ਹੀ ਉਨ੍ਹਾਂ ਨੂੰ ਇਨਸਾਫ਼ ਦੇ ਸਕਦੇ ਹਨ। ਇਸ ਦਾ ਇਕ ਸਿੱਧਾ ਜਿਹਾ ਕਾਰਨ ਇਹ ਹੈ ਕਿ ਲਿਬਰਲ ਜਮਹੂਰੀਅਤ ਦੇ ਇਹ ਅਦਾਰੇ ਇਸ ਕੰਮ ਲਈ ਬਣਾਏ ਹੀ ਨਹੀਂ ਸੀ ਗਏ। ਤਾਰੀਖ਼ ਦੱਸਦੀ ਹੈ ਕਿ ਇਹ ਅਦਾਰੇ ਕਾਇਮ ਕਰਨ ਦਾ ਮਕਸਦ ਜ਼ੋਰ ਵਾਲਿਆਂ ਅਤੇ ਪੈਸੇ ਵਾਲਿਆਂ ਦੀ ਇਕ ਖ਼ਾਸ ਜਮਾਤ ਅਤੇ ਤਬਕੇ ਦੀ ਸੇਵਾ ਕਰਨਾ ਸੀ। ਇਸ ਲਈ ਜਿੱਥੇ ਜਿੱਥੇ ਵੀ ਇਹ ਲਿਬਰਲ ਜਮਹੂਰੀਅਤ ਦਾ ਸਿਆਸੀ ਸਿਸਟਮ ਕਾਇਮ ਹੋਇਆ ਹੈ ਉਥੇ ਕਿਤੇ ਵੀ ਨਾ ਹੀ ਅਦਾਲਤਾਂ ਅਤੇ ਨਾ ਹੀ ਪਾਰਲੀਮੈਂਟ ਲੋਕਾਂ ਦਾ ਪੱਖ ਪੂਰਦੇ ਹਨ। ਆਮ ਆਦਮੀ ਨੂੰ ਉਥੇ ਇਨਸਾਫ਼ ਨਹੀਂ ਮਿਲਦਾ। ਅਮਰੀਕਾ, ਹਿੰਦੁਸਤਾਨ, ਇੰਗਲੈਂਡ ਅਤੇ ਹੋਰਨਾਂ ਮੁਲਕਾਂ ਦਾ ਤਜਰਬਾ ਇਹ ਸਾਫ਼ ਦੱਸਦਾ ਹੈ।

ਲਿਬਰਲ ਜਮਹੂਰੀਅਤ ਦਾ ਤੀਜਾ ਥੰਮ੍ਹ ਸਰਕਾਰ ਹੈ। ਇਹ ਸਰਕਾਰ ਭਾਵੇਂ ਪਾਰਲੀਮੈਂਟ ਵਿਚ ਚੁਣੇ ਹੋਏ ਨੁਮਾਇੰਦਿਆਂ ਦੀ ਬਣੇ ਚਾਹੇ ਅਮਰੀਕਾ ਵਾਂਗ ਸਦਰ ਦੀ ਚੋਣ ਨਾਲ ਬਣੇ, ਲੋਕਾਂ ਨੂੰ ਜਵਾਬਦੇਹ ਨਹੀਂ ਹੁੰਦੀ। ਇਸ ਕਰਕੇ ਇਹ ਕਦੇ ਲੋਕਾਂ ਦਾ ਪੱਖ ਨਹੀਂ ਪੂਰਦੀ ਹੈ ਭਾਵੇਂ ਜਿੰਨੇ ਮਰਜ਼ੀ ਲਾਰੇ ਲਾਈ ਜਾਵੇ। ਹਿੰਦੁਸਤਾਨ ਦੀ ਮਿਸਾਲ ਲੈ ਲਈਏ ਤਾਂ ਪਿਛਲੇ ਸੱਠ ਸਾਲਾਂ ਵਿਚ ਨਹਿਰੂ ਤੋਂ ਲੈ ਕੇ ਮਨਮੋਹਨ ਸਿੰਘ ਤੱਕ ਦੀਆਂ  ਸਰਕਾਰਾਂ ਨੇ ਲੋਕਾਂ ਨੂੰ ਬਹੁਤ ਹੀ ਲਾਰੇ ਲਾਏ ਹਨ। ਹਰ ਚੋਣ ਵਿਚ ਅਤੇ ਉਸਦੇ ਬਾਅਦ ਸਰਕਾਰ ਨੇ ਗਰੀਬੀ ਹਟਾਉਣ ਦੇ, ਬੇਰੁਜ਼ਗਾਰੀ ਹਟਾਉਣ ਦੇ, ਤਾਲੀਮ ਦੇਣ ਦੇ ਅਤੇ ਇਸ ਤਰ੍ਹਾਂ ਦੇ ਸੈਂਕੜੇ ਹੀ ਨਾਅਰੇ ਤੇ ਲਾਰੇ ਲਾਏ ਹਨ। ਲੋਕਾਂ ਨੇ ਇਨ੍ਹਾਂ ਦੀਆਂ ਗੱਲਾਂ ਤੇ ਯਕੀਨ ਕਰਕੇ ਇਨ੍ਹਾਂ ਦੀਆਂ ਪਾਰਟੀਆਂ ਨੂੰ ਤਾਕਤ ਵਿਚ ਵੀ ਲਿਆਂਦਾ ਹੈ ਪਰ ਗਰੀਬੀ ਵਧਦੀ ਹੀ ਗਈ ਹੈ। ਕੇਂਦਰ ਅਤੇ ਸੂਬਾਈ ਸਰਕਾਰਾਂ ਭਾਵੇਂ ਕਿਸੇ ਵੀ ਪਾਰਟੀ ਦੀਆਂ ਰਹੀਆਂ ਹੋਣ ਲੋਕਾਂ ਦੇ ਮਸਲੇ ਹੱਲ ਨਹੀਂ ਹੋਏ ਬਲਕਿ ਪੁਰਾਣੇ ਮਸਲਿਆਂ ਨਾਲ ਸਰਕਾਰਾਂ ਦੀ ਨੀਤੀਆਂ ਕਰਕੇ ਹੋਰ ਨਵੇਂ ਮਸਲਿਆਂ ਨੇ ਉਨ੍ਹਾਂ ਨੂੰ ਆ ਘੇਰਿਆ ਹੈ। ਮਿਸਾਲ ਦੇ ਤੌਰ ਤੇ ਪੰਜਾਬ ਵਿਚ ਜ਼ਮੀਨ ਅਤੇ ਪਾਣੀਆਂ ਵਿਚ ਜ਼ਹਿਰ ਦੇ ਨਵੇਂ ਮਸਲੇ ਸਰਕਾਰਾਂ ਦੀ ਹਰੇ ਇਨਕਲਾਬ ਦੀ ਨੀਤੀ ਦਾ ਹੀ ਨਤੀਜਾ ਹਨ।

ਸਰਕਾਰਾਂ ਲੋਕਾਂ ਦੀ ਗੱਲ ਸੁਣਨ ਦੇ ਬਜਾਏ ਹਾਕਮ ਮੇਲ ਦਾ ਪੱਖ ਪੂਰਨ ਲਈ ਮਨ ਮਰਜ਼ੀ ਕਰਦੀਆਂ ਹਨ। ਮਿਸਾਲ ਦੇ ਤੌਰ ਤੇ, ਇੰਗਲੈਂਡ ਅਤੇ ਅਮਰੀਕਾ ਵਿਚ ਸਰਕਾਰਾਂ ਵਲੋਂ ਝੂਠ ਫਰੇਬ ਦੇ ਬਹੁਤ ਵੱਡੇ ਪ੍ਰਚਾਰ ਦੇ ਬਾਅਦ ਵੀ ਲੋਕ ਇਰਾਕ ਉੱਤੇ ਹਮਲੇ ਦੇ ਬਿਲਕੁਲ ਖ਼ਿਲਾਫ਼ ਸਨ ਪਰ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਨੇ ਲੋਕਾਂ ਦੀ ਇਕ ਨਹੀਂ ਸੁਣੀ, ਇਰਾਕ ਤੇ ਹਮਲਾ ਕੀਤਾ ਅਤੇ ਉਥੇ ਤਬਾਹੀ ਅਤੇ ਬਰਬਾਦੀ ਲਿਆਂਦੀ। ਇਹ ਸਰਕਾਰਾਂ ਨੇ ਇਸ ਲਈ ਕੀਤਾ ਕਿਉਂਕਿ ਜੰਗ ਰਾਹੀਂ ਹਾਕਮ ਟੋਲੇ ਦੀਆਂ ਕੰਪਨੀਆਂ ਦੇ ਮੁਨਾਫ਼ੇ ਬਹੁਤ ਹੀ ਵਧਦੇ ਹਨ ਅਤੇ ਹੋਰਨਾਂ ਮੁਲਕਾਂ ਦੇ ਕੁਦਰਤੀ ਅਤੇ ਮਨੁੱਖੀ ਸਾਧਨਾਂ ਤੇ ਕਬਜ਼ੇ ਨਾਲ ਇਹ ਹਾਕਮ ਜਮਾਤਾਂ ਅਤੇ ਇਨ੍ਹਾਂ ਦੀਆਂ ਕੰਪਨੀਆਂ ਮਾਲਾ-ਮਾਲ ਹੋ ਜਾਂਦੀਆਂ ਹਨ। ਲੋਕ ਦੂਜੇ ਮੁਲਕਾਂ ਦੇ ਲੋਕਾਂ ਦੀ ਲੁੱਟ ਖਸੁੱਟ ਨਹੀਂ ਚਾਹੁੰਦੇ ਪਰ ਹਾਕਮ ਮੇਲ ਇਸ ਲੁੱਟ ਖਸੁੱਟ ਬਗੈਰ ਆਪਣੇ ਮੁਨਾਫ਼ੇ ਵਧਾ ਨਹੀਂ ਸਕਦੇ ਇਸ ਲਈ ਸਰਕਾਰਾਂ ਹਾਕਮ ਤਬਕੇ ਦਾ ਇਕ ਹੱਥ-ਠੋਕਾ ਹੀ ਬਣ ਜਾਂਦੀਆਂ ਹਨ।

ਲਿਬਰਲ ਜਮਹੂਰੀਅਤ ਦੀ ਸਰਕਾਰ ਅਤੇ ਇਸਦੇ ਹੋਰ ਅਦਾਰੇ ਭਾਵੇਂ ਲੋਕਾਂ ਦਾ ਨਾਂ ਤਾਂ ਜ਼ਰੂਰ ਲੈਂਦੇ ਹਨ ਪਰ ਇਨ੍ਹਾਂ ਦਾ ਹਰ ਕੰਮ ਲੋਕਾਂ ਦੇ ਖ਼ਿਲਾਫ਼ ਹੀ ਹੁੰਦਾ ਹੈ। ਕਿਉਂਕਿ ਲਿਬਰਲ ਜਮਹੂਰੀਅਤ ਵਿਚ ਤਾਕਤ ਲੋਕਾਂ ਦੇ ਹੱਥ ਵਿਚ ਨਹੀਂ ਹਾਕਮ ਜਮਾਤਾਂ ਦੇ ਹੱਥ ਵਿਚ ਹੁੰਦੀ ਹੈ। ਲੋਕਾਂ ਨੂੰ ਤਾਂ ਸਿਰਫ਼ ਵੋਟ ਪਾਉਣ ਵਾਲੇ ਇੱਜੜ ਹੀ ਸਮਝਿਆ ਜਾਂਦਾ ਹੈ। ਚੋਣਾਂ ਦੇ ਬਾਅਦ ਉਨ੍ਹਾਂ ਨੂੰ ਕੋਈ ਨਹੀਂ ਪੁੱਛਦਾ। ਹਿੰਦੁਸਤਾਨ ਚ` ਤਾਂ ਵੋਟਾਂ ਦੇ ਬਾਅਦ ਚੁਣੇ ਹੋਏ ਲੀਡਰ ਬਹੁਤ ਥਾਂਵੀ ਤਾਂ ਦੁਬਾਰਾ ਚੋਣਾਂ ਦੇ ਵਕਤ ਹੀ ਲੋਕਾਂ ਨੂੰ ਨਜ਼ਰ ਆਉਂਦੇ ਹਨ।

ਕਿਉਂਕਿ ਮੁਲਕ ਵਿਚ ਚੋਣਾਂ ਹੁੰਦੀਆਂ ਹਨ ਅਤੇ ਸਰਕਾਰ ਚੋਣਾਂ ਰਾਹੀਂ ਬਣਦੀ ਹੈ ਤਾਂ ਸਰਕਾਰ ਦਾਅਵੇ ਨਾਲ ਕਹਿੰਦੀ ਹੈ ਕਿ ਹੁਣ ਅਸੀਂ ਜੋ ਕੁਝ ਮਰਜ਼ੀ ਕਰੀਏ ਅਸੀਂ ਕਿਸੇ ਨੂੰ ਜਵਾਬਦੇਹ ਨਹੀਂ ਸਾਨੂੰ ਲੋਕਾਂ ਨੇ ਚੁਣਿਆਂ ਹੈ। ਪਰ ਅਸਲੀਅਤ ਵਿਚ ਉਹ ਸਿਰਫ਼ ਹਾਕਮ ਮੇਲ ਨੂੰ ਜਵਾਬਦੇਹ ਹੁੰਦੀ ਹੈ ਆਮ ਲੋਕਾਂ ਨੂੰ ਨਹੀਂ ਜਿਨ੍ਹਾਂ ਤੋਂ ਉਨ੍ਹਾਂ ਨੇ ਵੋਟਾਂ ਲਈਆਂ ਹਨ। ਪਿਛਲੇ ਦੋ ਤਿੰਨ ਸੌ ਸਾਲਾਂ ਦੇ ਇਸ ਤਜਰਬੇ ਤੋਂ ਲੋਕ ਹੌਲੀ ਹੌਲੀ ਇਹ ਗੱਲ ਹੁਣ ਸਮਝ ਰਹੇ ਹਨ ਕਿ ਲਿਬਰਲ ਜਮਹੂਰੀਅਤ ਦੀ ਪਾਰਟੀ ਰਾਜ ਦੀ ਇਹ ਪ੍ਰਣਾਲੀ ਅਸਲੀਅਤ ਵਿਚ ਉਨ੍ਹਾਂ ਦੇ ਹੱਕਾਂ ਤੇ ਸੱਟ ਮਾਰਨ ਦਾ ਹੀ ਇਕ ਤਰੀਕਾ ਹੈ। ਇਸ ਲਈ ਹੁਣ ਲੋਕਾਂ ਦਾ ਇਸ ਸਿਸਟਮ ਤੋਂ ਇਤਬਾਰ ਚੁੱਕ ਹੁੰਦਾ ਜਾ ਰਿਹਾ ਹੈ। ਅਮਰੀਕਾ ਵਿਚ ਕੀਤੇ ਗਏ ਇਕ ਸਰਵੇ ਮੁਤਾਬਿਕ ਸਿਰਫ਼ ਗਿਆਰਾਂ ਫੀ ਸਦੀ ਲੋਕ ਹੀ ਜਾਰਜ ਬੁਸ਼ ਦੀ ਸਰਕਾਰ ਤੇ ਵਿਸ਼ਵਾਸ ਕਰਦੇ ਹਨ। ਇੰਗਲੈਂਡ, ਕਨੇਡਾ ਅਤੇ ਹੋਰਨਾਂ ਮੁਲਕਾਂ ਵਿਚ ਵੀ ਇਹੋ ਹਾਲ ਹੈ। ਹਾਕਮ ਮੇਲ ਪ੍ਰਤੀਤ ਦੇ ਇਸ ਸੰਕਟ ਤੋਂ ਬਚਣ ਲਈ ਨਵੇਂ ਚੇਹਰੇ ਅਤੇ ਘੋੜੇ ਮੈਦਾਨ ਵਿਚ ਲਿਆਉਂਦੇ ਹਨ ਪਰ ਇਸ ਦੇ ਨਾਲ ਲੋਕਾਂ ਵਿਚ ਇਨ੍ਹਾਂ ਦੀ ਪ੍ਰਤੀਤ ਬਹਾਲ ਨਹੀਂ ਹੋ ਸਕਦੀ। ਤਾਰੀਖ਼ੀ ਤੌਰ ਤੇ ਇਹ ਸਿਆਸੀ ਪ੍ਰਣਾਲੀ ਅਤੇ ਤਰੀਕਾ ਗੱਲ ਸੜ ਚੁੱਕਿਆ ਹੈ।

ਇਨ੍ਹਾਂ ਹਾਲਾਤ ਤੋਂ ਦੁਖੀ ਹੋ ਕੇ ਕਈ ਲੋਕ ਹਿੰਦੁਸਤਾਨ ਵਿਚ ਕਹਿੰਦੇ ਹਨ ਕਿ ਸ਼ਾਇਦ ਫੌਜੀ ਰਾਜ ਜਾਂ ਨੰਗੇ ਡੰਡੇ ਦਾ ਰਾਜ ਉਨ੍ਹਾਂ ਦੇ ਮਸਲੇ ਹੱਲ ਕਰ ਦੇਵੇਗਾ। ਪਰ ਪਾਕਿਸਤਾਨ ਦਾ ਅਤੇ ਹੋਰਨਾਂ ਮੁਲਕਾਂ ਦੇ ਪਿਛਲੇ ੬੦ ਸਾਲਾਂ ਦਾ ਤਜਰਬਾ ਇਸ ਗੱਲ ਨੂੰ ਝੂਠਾ ਸਾਬਤ ਕਰਦਾ ਹੈ। ਪਾਕਿਸਤਾਨ ਵਿਚ ਕੁਝ ਲੋਕ ਇਹ ਕਹਿੰਦੇ ਹਨ ਕਿ ਜੇ ਹਿੰਦੁਸਤਾਨ ਵਰਗੀ ਲਿਬਰਲ ਜਮਹੂਰੀਅਤ ਆ ਜਾਵੇ ਤਾਂ ਉਨ੍ਹਾਂ ਦੇ ਮਸਲੇ ਹੱਲ ਹੋ ਜਾਣਗੇ। ਹਿੰਦੁਸਤਾਨ ਦਾ ਪਿਛਲੇ ਸੱਠ ਸਾਲਾਂ ਦਾ ਅਤੇ ਹੋਰਨਾਂ ਮੁਲਕਾਂ ਦਾ ਪਿਛਲੀਆਂ ਦੋ ਸਦੀਆਂ ਤੋਂ ਉਪਰ ਦਾ ਤਜਰਬਾ ਇਸ ਗੱਲ ਨੂੰ ਨਕਾਰਦਾ ਹੈ।

ਲੋਕਾਂ ਅਤੇ ਤਾਰੀਖ਼ ਦੀ ਲੋੜ ਇਕ ਨਵੇਂ ਤਰੀਕੇ ਅਤੇ ਨਵੀਂ ਸਿਆਸੀ ਪ੍ਰਣਾਲੀ ਦੀ ਲੋੜ ਹੈ। ਲਿਬਰਲ ਜਮਹੂਰੀਅਤ ਅਤੇ ਇਸਦੇ ਤਿੰਨ ਥੰਮ੍ਹ ਸਰਕਾਰ, ਅਦਾਲਤ ਅਤੇ ਲੋਕ ਸਭਾ ਲੋਕਾਂ ਦੇ ਮਸਲਿਆਂ ਅਤੇ ਹੱਕਾਂ ਦੇ ਖ਼ਿਲਾਫ਼ ਦੀਵਾਰ ਬਣ ਕੇ ਖੜੇ ਹਨ। ਲੋਕਾਂ ਨੂੰ ਆਪਣੇ ਹੱਕਾਂ ਅਤੇ ਮਸਲਿਆਂ ਦੇ ਹੱਲ ਲਈ ਇਸ ਦੀਵਾਰ ਨੂੰ ਢਾਹ ਕੇ ਇਕ ਨਵੀਂ ਸਿਆਸੀ ਪ੍ਰਣਾਲੀ ਈਜਾਦ ਕਰਨ ਦੀ ਲੋੜ ਹੈ। ਸਮਾਂ ਲੋਕਾਂ ਦੇ ਸਿੱਧੇ ਤੌਰ ਤੇ ਆਪ ਹਾਕਮ ਬਣਨ ਦੀ ਮੰਗ ਕਰ ਰਿਹਾ ਹੈ।ਲਿਬਰਲ ਜਮਹੂਰੀਅਤ ਦਾ ਸਮਾਂ ਲੰਘ ਚੁੱਕਿਆ ਹੈ। ਵਕਤ ਦੀ ਲੋੜ ਸਿੱਧੀ ਜਮਹੂਰੀਅਤ ਦੀ ਲੋੜ ਹੈ ਜਿਸ ਵਿਚ ਲੋਕ ਆਪ ਹੀ ਹਾਕਮ ਹੋਣ ਅਤੇ ਜਵਾਬਦੇਹ ਵੀ ਹੋਣ।